# ਰਹਿਤਨਾਮਾ ਭਾਈ ਸਾਹਿਬ ਸਿੰਘ

# ਰਹਿਤਨਾਮਾ ਭਾਈ ਸਾਹਿਬ ਸਿੰਘ

ਏਕ ਬਾਰ ਸ੍ਰੀ ਗੁਰੂ ਜੀ ਬੈਠੇ ਅਚਲ ਸਮਾਧਿ।
ਤਬੈ ਖਾਲਸੇ ਸੋ ਕਹਾ, ਕਲਿ ਮੈਂ ਮਮ ਦ੍ਰਿੜ ਬਾਂਧ।੧।
ਜੁਗ ਜੁਗ ਮਹਿ ਅਵਤਰਹਿੰ ਅਪਨੇ ਭਗਤਨ ਕਾਜ।
ਰਹਣੀ ਰਹੈ ਸੋ ਖਾਲਸਾ, ਸੋ ਮੇਰੋ ਸਿਰਤਾਜ।੨।
ਸਿਖਨ ਪੂਛਾ ਪ੍ਰੇਮ ਸਿਉਂ, ਰਹਿਣੀ ਕਉ ਬ੍ਰਿਤੰਤ।
ਕਿਸ ਕੋ ਦੇਨਾ ਕਿਮ ਰਹਹਿ, ਕੈਸੇ ਵਰਤਹਿ ਸੰਤ।੩।
ਗੁਰੂ ਕਹਹਿ ਸੁਨ ਖਾਲਸਾ! ਕੇਸ ਪਾਹੁਲੀ ਮੁਕਤ।
ਕੈ ਖੰਡਾ ਪਾਹੁਲ ਭਲੀ ਕੈ ਚਰਨਨ ਕੀ ਜੁਗਤਿ।੪।
ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ।
ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿਖ।੫।
ਏਕ ਮਜ਼ਬ ਰਹਿਨਾ ਭਲਾ, ਦੋ ਮਹਿ ਰਹੈ ਨ ਕੋਇ।
ਮੇਰਾ ਸਿਖ ਕਹਾਇਕੈ, ਭਰਮਹਿ ਪਾਪੀ ਸੋਇ।੬।
ਤੀਨ ਪ੍ਰਕਾਰ ਮਮ ਸਿਖ ਹੈਂ ਸਹਿਜੀ ਚਰਨੀ ਖੰਡ।
ਯਾਂਤੇ ਕੇਸੀ ਹੋਇਕੈ ਤੀਨਹੁ ਕਰਹਿ ਬਿਹੰਡ।੭।
ਏਕਸ ਕੇਸੀ ਜਾਣੀਐ, ਦੂਜਾ ਹੁਇ ਉਪ ਕੇਸ।
ਬੇਕੇਸੀ ਮੁੰਡੀ ਸੰਗਤਿ, ਗੁਰੂ ਪਿਆਰੇ ਕੇਸ।੮।

ਹਿਤ ਉਪਦੇਸ ਗੁਰੂ ਕਾ

ਚੌਪਈ

ਮੇਰਾ ਸੋ ਜੋ ਰਹਿਤ ਰਹਾਵੈ। ਪਹਿਰ ਰਾਤ ਇਸਨਾਨ ਕਰਾਵੈ।
ਬਾਣੀ ਗੁਰੂ ਕੀ ਅਵਰ ਨ ਪਾਠ। ਪੜ੍ਹਹਿ ਗੁਰਮੁਖੀ ਤਿਆਗੈ ਠਾਠ।੯।
ਵੇਦ ਸ਼ਾਸਤ੍ਰ ਗੁਰ ਵਾਕ ਸੁ ਧਾਰੇ। ਅਵਰ ਬਿਆਧਿ ਸਮ ਸਗਰੀ ਟਾਰੈ।
ਅਰਬੀ ਪਾਰਸੀ ਅੱਖਰ ਨ ਪਢਹਿ। ਮੇਰਾ ਸਿਖ ਨੌਕਰੀ ਨਹਿ ਕਰਹਿ।੧੦।
ਤੁਰਕ ਕਉ ਮਾਥਾ ਨਾਹਿ ਝੁਕਾਇ। ਤੁਰਕ ਸੰਗ ਬੈਠਹਿ ਨਹਿ ਖਾਇ।
ਲੋਭੀ ਠਹਰਹਿ ਨਾਹੀ ਮੀਤ। ਸਿਖ ਪਹਾੜੀ ਕਰੈ ਨ ਪ੍ਰੀਤਿ।੧੧।
ਚਾਰ ਵਰਣ ਸੰਗਿ ਵਰਤੇ ਐਸੇ। ਸੁਨਹੁ ਸਿਖ ਮਮ ਬਚਨ ਹੈਂ ਜੈਸੇ।
ਬ੍ਰਾਹਮਣ ਚਰਣੀ ਪਾਹੁਲੀ ਹੋਵੈ। ਅਥਵਾ ਸਹਿਜੀ ਸਿਖੀ ਹੋਵੈ।੧੨।

ਮੇਰਾ ਸਿਖ ਆਨ ਸਭ ਤਿਆਗੈ। ਭੇਖੀ ਬਾਮ੍ਣ ਦਾਨ ਨ ਲਾਗੈ।
ਸਰਵਰੀ ਸਾਕਤ ਬ੍ਰਹਮਣ ਤਿਆਗੈ। 'ਆਡਾ' ਟੀਕੇ ਮੁਖੋਂ ਨ ਲਾਗੈ।੧੩।
ਬ੍ਰਾਹਮਣ ਸਿਖੀ ਨਿੰਦਿਆ ਕਰੈ। ਤਿਸ ਪਾਪੀ ਕੋ ਦੇ ਵਿਸ ਮਰੈ।
ਖੰਡੇ ਪਾਹੁਲ ਕਰੈ ਨ ਪਿੰਨ। ਪਿਤਰਨ ਹੇਤ ਭੁਗਾਵਹਿ ਅੰਨ।
ਦੇ ਪੁਸ਼ਾਕੀ ਧਨ ਸਭ ਦੇਇ। ਅਵਰ ਮਜ਼ਬ ਕੋ ਸਿਖ ਨ ਲੇਹਿ।੧੪।
ਜੋ ਕੋਈ ਮੇਰੇ ਨਾਹੀ ਸਿਖ। ਤਿਸ ਬਾਮਨ ਕੋ ਦੇਇ ਨ ਭਿਖ।
ਅਥਵਾ ਬ੍ਰਹਮਣ ਮੇਰੇ ਪੰਥ। ਚਰਣ ਪਾਹੁਲੀ ਮੋਹ ਸੇ ਕੰਥ।
ਬ੍ਰਾਮਣ ਕੇਸ ਬਿਨ ਪਾਹੁਲ ਧਾਰੈ। ਪਾਖੰਡੀ ਕੋ ਦੂਰ ਨਿਵਾਰੈ।੧੫।

ਦੋਹਰਾ

ਮੇਰੇ ਸਿਖਨ ਭੇਖ ਧਰ, ਦਾਨ ਲੂਟਨੇ ਹੇਤ।
ਧਰੇ ਕੇਸ ਰਿਖਿ ਪੰਧ ਤਜਿ ਪਾਪੀ ਕਪਟੀ ਕੇਤੁ।੧੬।
ਪ੍ਰਿਥਮੈ ਰਿਖਿ ਸਮਾਨ ਹੈ, ਜਟਾ-ਜੂਟ ਵਯਵਹਾਰ।
ਅਰਬ ਵਰਣ ਪੁਨ ਪਾਹੁਲੀ ਚਰਨੀ ਪ੍ਰੇਮੀ ਸਾਰ।੧੭।
ਭੇਖ ਕੇਸ ਧਰਿ ਆਨ ਸਿਖ, ਪੂਜਤ ਤੁਛਨ ਦੇਵ।
ਤਾਂਹਿ ਨ ਪਾਨੀ ਦੀਜੀਏ ਮੇਰਾ ਸਿਖ ਸੁ ਸੇਵ।੧੮।
ਕੇਸਾਧਾਰੀ ਭੇਖੀਆ ਜੀਵਨ ਕੇ ਤਿਨ ਕਾਜ।
ਧਰੇ ਕੇਸ਼ ਚੰਡਾਲ ਸਮ, ਦੀਆ ਦਾਨ ਤਿਸ ਬਾਦ।੧੯।

ਚੌਪਈ

ਮੇਰਾ ਸਿਖ ਹੋ ਸੀਤਲਾ ਮਾਨਹਿ। ਭੇਖੀ ਕੋ ਜੋ ਦੇਵੈ ਦਾਨਹਿ।
ਜਹਾਂ ਕਹਾਂ ਕਾ ਖਾਇ ਪ੍ਰਸਾਦਿ। ਪਰ ਸਿਖ ਨ ਆਦਿ ਜੁਗਾਦਿ।੨੦।
ਬਿਨ ਬੂਝੈ ਦੇਵਨ ਕੋ ਜਜੈ। ਮੈਂ ਛੋਡਾ ਸੋ ਸਿਖ ਮਮ ਤਜੈ।
ਮੋਰਾ ਸਿਖ ਜੁ ਤੀਰਥ ਜਾਵਹਿ। ਦੇਇ ਅਤਿਥੀ ਕੋ ਭੋਗ ਭੋਗਾਵੈ।੨੧।
ਜੋ ਦੇਵਹਿ ਦਾਨ ਪਰਬ ਕੋ ਮਾਨ। ਗੁਰੂ ਬਿਸ਼੍ਵਾਸੀ ਗੁਰ ਅਸਥਾਨ।
ਵੇਖਹਿ ਨਾਹੀ ਤੀਰਥ ਕੋ ਪਾਂਡੇ। ਕਰਹਿ ਭੇਖ ਬਨ ਆਵਹਿ ਆਂਡੇ।੨੨।
ਰਹਹਿ ਏਕਾਂਤ ਪ੍ਰੀਤਿ ਜਨ ਦੂਰ। ਮਮ ਵਿਚਾਰ ਸੋ ਨਿਤ ਭਰਪੂਰ।
ਸਿਖ ਭੁਗਾਵੈ ਮੇਰਾ ਸਿਖ। ਕੇਸੁ ਭੇਖ ਨਹਿ ਮੇਰਾ ਪਿਖ।੨੩।
ਕੇਸਵਾਨ ਬਿਨ ਕੇਸ ਹੋਇ, ਮੇਰਾ ਹੋਇ ਨਸੰਗਿ।
ਬ੍ਰਾਮਣ ਸੋਈ ਬਿਆਸ ਸਮ, ਦੇਵਹਿ ਦਾਨ ਉਮੰਗ।੨੪।
ਕੰਨਿਆ ਦੇਵਹਿ ਸਿਖ ਕਉ, ਲੇਵਹਿ ਨਹਿ ਕਿਛੁ ਦਾਮ।
ਸੋਈ ਮੇਰਾ ਸਿਖ ਹੁਇ, ਲੈ ਪਹੁੰਚੇ ਮਮ ਧਾਮ।੨੫।
ਪੀਰ ਸਰਵਰ ਸੀਤਲਾ ਜੋਗੀ ਭੂਤ ਨ ਸੇਵ।
ਗੁਰ ਸੇਵਹਿ ਸਭ ਕਾਜ ਮਹਿ ਪਹੁੰਚੇ ਮਮ ਦਰ ਤੇਵ।੨੬।
ਆਨੰਦ ਜਪੁ ਨਿਤ ਹੀ ਪੜ੍ਹਹਿ ਥੋੜਾ ਸਾਰਾ ਸਿਖ।

ਰਹਿਰਾਸ ਆਰਤੀ ਸ਼ਬਦ ਪੁਨ ਕੀਰਤਨ ਸੁਨਹਿ ਸੁ ਭਿਖ।੨੭।
ਸਿਖ ਸਿਖਣੀ ਮਿਲ ਬਹਹਿੰ, ਚਰਚਾ ਕਰਹਿ ਅਪਾਰ।
ਭਜਨ ਸਿਖਾਵਹਿ ਪੁਤ੍ਰ ਕਉ, ਨਿਤ ਭਜ ਬਾਰੰ ਬਾਰ।੨੮।
ਖਤ੍ਰੀ ਸਿਖ ਬਨਿ ਵੈਸ਼ ਹੁਇ, ਸ੍ਰਾਧ ਪਿਤਰ ਕਉ ਜਾਨਿ।
ਕਰਹਿ ਕਰਾਵਹਿ ਬਿਪ੍ਰ ਸਿਖ, ਆਨ ਨ ਬਿਪ੍ਰਨ ਮਾਨ।੨੯।
ਦੇਇ ਕੁਦਾਨ ਜੋ ਸਿਖ ਮਮ, ਗ੍ਰਾਹਕ ਜਾਵਹਿ ਨਰਕ।
ਅਪਨੋ ਭਲੋ ਤਾਂ ਕੋ ਬੁਰਾ, ਤਾਂ ਹੀ ਤੇ ਕਰਿ ਫਰਕ।੩੦।
ਗੁਰੂ ਭਰੋਸਾ ਆਸ ਗੁਰ, ਨ ਕੋ ਲੋਕ ਪਰਲੋਕ।
ਸਦਾ ਸਨਾਨੀ ਗਿਆਨ ਧਿਆਨ, ਸੋਇ ਪ੍ਰੀਤਿ ਬਿਨ ਸ਼ੋਕ।੩੧।
ਪਰ ਨਾਰੀ ਰਮਤਾ ਜੋਈ, ਪੜ੍ਹਹਿ ਪਾਰਸੀ ਜੀਵ।
ਨਾ ਮੈਂ ਤਾਂਕਾ ਨਾਹਿ ਮਮ, ਸਿਖ ਨ ਜਲ ਤਿਸ ਪੀਵ।੩੨।
ਪਾਰਸੀ ਜਾਂਕੇ ਘਰਿ ਪੜ੍ਹਹਿ ਤਾਂਕਾ ਨਹੀ ਵਿਸਾਹੁ।
ਤਾਂਕਾ ਛੁਹਾ ਨ ਖ਼ਾਈਏ, ਤਜਯੋ ਧਰਮ ਕਾ ਰਾਹੁ।੩੩।
ਸਰਾਧ ਕਰਾਈ, ਵਿਆਹ ਧਨ, ਮੇਰਾ ਸਿਖ ਦਿਜ ਖਾਇ।
ਸੋ ਭੇਖੀ ਪਾਪੀ ਅਧਿਕ, ਅਤਿਥਿ ਨ ਦੇਵਹਿ ਤਾਹਿ।੩੬।
ਗ੍ਰਿਹ ਪੂਜਾ ਪੁਨ ਗਾਇਤ੍ਰੀ, ਬੰਚ ਦਾਨ ਲੇ ਖਿਪ੍ਰ।
ਗ੍ਰਹਿਣ ਦਾਨ ਛਾਇਆ ਪਸ਼ੂ, ਖਾਵਤ ਨਰਕੀ ਬਿਪ੍ਰ।੩੭।
ਗ੍ਰਹਿਣ ਵੇਲੇ ਪੂਜਾ ਜਪਹਿ, ਹੌਮ ਤਰਪਣ ਇਸਨਾਨ।
ਛਟੇ ਗ੍ਰਹਿਣ ਦੇ ਦਾਨ ਮਮ, ਸਿਖ ਭਲਾ ਸੋ ਜਾਨ।੩੮।
ਦਾਨ ਲੇਹਿ ਜੁ ਗ੍ਰਹਣ ਮਹਿ, ਆਤਮਘਾਤੀ ਮੂੜ੍ਹ।
ਮੇਰਾ ਸਿਖ ਤਿਸ ਮੂੜ੍ਹ ਦਿਜ, ਗੇਰੇ ਕੂਪਨ ਗੂੜ੍ਹ।੩੯।
ਦਾਨ ਪਾਤ੍ਰ ਗ੍ਰਹਣ ਰੁਧ, ਨਲਾਇਕ ਲੀਨੇ ਜੋਇ।
ਸਮ ਮਲੇਛ ਹੋਇ ਬਿਪ੍ਰ, ਤਾਂਹਿ ਸੁਰਗ ਨ ਕੋਇ।੪੦।
ਕੰਨਿਆ ਧਨ ਦਿਜ ਗ੍ਰਹਿਣ ਧਨ, ਦੇਵ ਪੂਜ ਜੋ ਖਾਇ।
ਈਹਾਂ ਤਿਆਗੇ ਤਾਂਹਿ ਜੋ, ਸੋ ਸਿਖ ਧਾਮ ਮਮ ਜਾਇ।੪੧।
ਮੇਰਾ ਸਿਖ ਗ੍ਰੰਥ ਕੀ ਪੂਜਾ ਲੇਇ ਅਰਦਾਸ।
ਲਿਖ ਖਾਵੈ ਝੂਠਾ ਚੁਗਲ, ਮੇਰਾ ਨਾਹਿ ਸੋ ਦਾਸ।੪੨।
ਖਾਲਸਾ ਸੋ ਜੋ ਲਏ ਨ ਦਾਨ। ਤੁਰਕ ਹਿੰਦੂ ਕੀ ਰਖੈ ਨ ਆਨ।
ਬਿਪ੍ਰ ਪ੍ਰਤਿਗ੍ਰਹੀ[1] ਛੁਵਹਿ ਨ ਅੰਗ। ਸੋ ਮੇਰਾ ਹੌਂ ਤਿਸ ਕੇ ਸੰਗਿ।੪੩।

ਦੋਹਰਾ

ਸ਼ਸਤ੍ਰ ਧਾਰ ਕੈ ਖਾਈਏ, ਇਹ ਛਤ੍ਰਿਨ ਕੀ ਰੀਤਿ।
ਬਿਪ੍ਰ ਸੰਤੋਖੀ ਦਾਨ ਭਲ, ਖਾਵਹਿ ਭਜਹਿ ਸੁ ਮੀਤ।੪੪।

---

੧. ਭੈੜਾ ਦਾਨ ਲੈਣ ਵਾਲਾ।

ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ।
ਰਹਿਤ ਪਿਆਰੀ ਮੋਹ ਕੋ, ਸਿਦਕ ਪਿਆਰਾ ਆਹਿ।੪੫।
ਰਹਿਣੀ ਸਤਿਗੁਰੂ ਸਿਖ ਕੀ, ਕਹੀ ਸੁ ਹਿਤ ਚਿਤ ਲਾਇ।
ਪੜ੍ਹਹਿ ਸੁਨਹਿ ਭਗਤੀ ਲਹਹਿ, ਮੁਕਤਿ ਗੁਰੂ ਘਰਿ ਜਾਇ।੪੬।

*(ਸੌ ਸਾਖੀ ਵਿਚੋਂ)*